ਪੱਕੀ ਮਾਨਤਾ

# ਦਫਤਰ ਜਿਲ੍ਹਾ ਸਿੱਖਿਆ ਅਫਸਰ(ਐ.ਸਿੱ) ਮਾਨਸਾ

ਵੱਲ :

ਪ੍ਰਿੰਸੀਪਲ/ਮੁੱਖ ਅਧਿਆਪਕ
ਦਸ਼ਮੇਸ਼ ਇੰਟਰਨੈਸ਼ਨਲ ਸਕੂਲ
ਸਰਦੂਲਗੜ੍ਹ।

ਪੱਤਰ ਨੰ: ਸਸਅ/ਆਰ.ਟੀ.ਈ./2024/ 184379 ਮਿਤੀ ਮਾਨਸਾ 29/07/2024

ਵਿਸ਼ਾ:- ਆਰ.ਟੀ.ਈ ਐਕਟ ਅਧੀਨ ਮਾਨਤਾ ਦੇਣ ਸਬੰਧੀ।
ਹਵਾਲਾ: ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿੱਖਿਆ ਸ਼ਾਖਾ-1) ਜੀ ਦੇ ਪੱਤਰ ਨੰ 1/732379/2023(1) ਮਿਤੀ ਚੰਡੀਗੜ੍ਹ 29/11/2023 ਦੇ ਸਬੰਧ ਵਿੱਚ

ਸ਼੍ਰੀਮਾਨ/ਸ਼੍ਰੀਮਤੀ ਜੀ,

ਵਿਸ਼ਾ ਅਤੇ ਹਵਾਲਾ ਅਧੀਨ ਪੱਤਰ ਦੀ ਸਬੰਧ ਵਿੱਚ ਆਪ ਵੱਲੋਂ ਜਮ੍ਹਾਂ ਕਰਵਾਏ ਗਏ ਦਸਤਾਵੇਜ਼ਾਂ ਦੇ ਆਧਾਰ ਤੇ ਦਸ਼ਮੇਸ਼ ਇੰਟਰਨੈਸ਼ਨਲ ਸਕੂਲ ਸਰਦੂਲਗੜ੍ਹ ਨੂੰ ਮਾਨਤਾ ਦਿੱਤੀ ਜਾਂਦੀ ਹੈ। ।ਉਪਰੋਕਤ ਮਾਨਤਾ ਹੇਠ ਦਿੱਤੀਆਂ ਸ਼ਰਤਾਂ ਦੇ ਆਧਾਰ ਤੇ ਹੈ:

1) ਮਾਨਤਾ ਪ੍ਰਾਪਤ ਦੀ ਪ੍ਰਵਾਨਗੀ ਵਾਧੇ ਯੋਗ ਨਹੀ ਹੈ ਅਤੇ ਕਿਸੇ ਵੀ ਹਾਲਤ ਵਿਚ ਇਸ ਦਾ ਮਤਲਬ ਇਹ ਨਹੀ ਲਿਆ ਜਾਣਾ ਚਾਹੀਦਾ ਕਿ ਇਹ ਅੱਠਵੀਂ ਜਮਾਤ ਤੋਂ ਅੱਗੇ ਦੀ ਮਾਨਤਾ/ਸਬੰਧਕਰਨ ਲਈ ਲਾਜਮੀ ਹੈ।
2) ਸਕੂਲ ਬੱਚਿਆਂ ਦਾ ਮੁਫਤ ਅਤੇ ਲਾਜਮੀ ਸਿੱਖਿਆ ਦੇ ਅਧਿਕਾਰ ਐਕਟ, 2009 (ਸਾਰਣੀ-1) ਅਤੇ ਬੱਚਿਆਂ ਦੇ ਮੁਫਤ ਅਤੇ ਲਾਜਮੀ ਸਿੱਖਿਆ ਦੇ ਅਧਿਕਾਰ ਨਿਯਮਾਂ, 2010(ਸਾਰਣੀ-II) ਦੇ ਉਪਬੰਧਾਂ ਦੀ ਪਾਲਣਾ ਕਰੇਗਾ।
3) ਸਕੂਲ ਪਹਿਲੀ ਜਮਾਤ ਵਿਚ (ਜਾਂ ਪੂਰਵ ਸਕੂਲ ਜਮਾਤ ਵਿਚ, ਜੋ ਵੀ ਲਾਗੂ ਹੋਵੇ), ਜਮਾਤ ਦੀ ਕੁੱਲ ਸੰਖਿਆ ਦਾ 25 ਪ੍ਰਤੀਸ਼ਤ, ਕਮਜ਼ੋਰ ਤਬਕੇ ਅਤੇ ਗੈਰ ਸੁਵਿਧਾ ਪ੍ਰਾਪਤ ਸਮੂਹ ਦੇ ਆਸ ਪਾਸ ਦੇ ਬੱਚਿਆ ਦਾ ਦਾਖਲਾ ਕਰੇਗਾ ਅਤੇ ਮੁਫਤ ਅਤੇ ਲਾਜਮੀ ਮੁੱਢਲੀ ਸਿੱਖਿਆ, ਇਸ ਦੇ ਪੂਰੇ ਹੋਣ ਤੱਕ ਪ੍ਰਦਾਨ ਕਰੇਗਾ।
4) ਸਕੂਲ ਨੂੰ ਪੈਰ੍ਹਾ 3 ਵਿਚ ਦਿੱਤੇ ਬੱਚਿਆ ਲਈ ਐਕਟ ਦੀ ਧਾਰਾ 12 ਦੀ ਉਪ-ਧਾਰਾ(2) ਦੇ ਉਪਬੰਧਾਂ ਅਨੁਸਾਰ ਖਰਚੇ ਦੀ ਪ੍ਰਤੀਪੂਰਤੀ ਕੀਤੀ ਜਾਵੇਗੀ। ਇਹ ਪ੍ਰਤੀ ਪੂਰਤੀ ਲੈਣ ਲਈ ਸਕੂਲ ਨੂੰ ਵੱਖਰਾ ਬੈਂਕ ਖਾਤਾ ਰੱਖਣਾ ਪਵੇਗਾ।
5) ਸੰਸਥਾ/ਸਕੂਲ ਕੋਈ ਕੈਪੀਟੇਸ਼ਨ ਫੀਸ ਨਹੀ ਲਵੇਗਾ ਅਤੇ ਬੱਚੇ ਜਾਂ ਉਸ ਦੇ ਮਾਪਿਆਂ ਜਾਂ ਸਰਪ੍ਰਸਤਾਂ ਦੀ ਚੋਣ ਦੀ ਕੋਈ ਵਿੱਧੀ ਨਹੀ ਅਪਣਾਏਗਾ।
6) ਸਕੂਲ ਕਿਸੇ ਬੱਚੇ ਨੂੰ ਜਨਮ ਦਾ ਸਬੂਤ ਨਾ ਹੋਣ ਕਾਰਨ ਦਾਖਲੇ ਤੋ ਇਨਕਾਰ ਨਹੀ ਕਰੇਗਾ ਅਤੇ ਐਕਟ ਦੀ ਧਾਰਾ 15 ਦੇ ਉਪਬੰਧਾਂ ਦੀ ਪਾਲਣਾ ਕਰੇਗਾ।

(7) ਸਕੂਲ ਇਹ ਵੀ ਯਕੀਨੀ ਬਣਾਏਗਾ ਕਿ:-

a) ਕਿਸੇ ਵੀ ਦਾਖਲ ਕੀਤੇ ਬੱਚੇ ਨੂੰ ਕਲਾਸ ਵਿਚ ਵਾਪਸ ਨਹੀ ਰੱਖਿਆ ਜਾਵੇਗਾ ਜਾਂ ਸਕੂਲ ਵਿਚੋਂ ਕੱਢਿਆ ਨਹੀ ਜਾਵੇਗਾ ਜਦੋ ਤਕ ਕਿ ਉਸ ਦੀ ਸਕੂਲ ਵਿਚ ਮੁੱਢਲੀ ਸਿੱਖਿਆ ਪੂਰੀ ਨਹੀ ਹੋ ਜਾਂਦੀ।
b) ਕਿਸੇ ਵੀ ਬੱਚੇ ਨੂੰ ਸਰੀਰਕ ਦੰਡ ਜਾਂ ਮਾਨਸਿਕ ਪ੍ਰੇਸ਼ਾਨੀ ਨਹੀ ਦਿੱਤੀ ਜਾਵੇਗੀ।
c) ਮੁੱਢਲੀ ਸਿੱਖਿਆ ਪੂਰੀ ਹੋਣ ਤੱਕ ਕਿਸੇ ਵੀ ਬੱਚੇ ਨੂੰ ਕੋਈ ਬੋਰਡ ਦੀ ਪ੍ਰੀਖਿਆ ਪਾਸ ਕਰਨ ਦੀ ਲੋੜ ਨਹੀ ਹੋਵੇਗੀ;
d) ਹਰ ਇੱਕ ਬੱਚੇ ਨੂੰ ਜਿਸ ਨੇ ਮੁੱਢਲੀ ਸਿੱਖਿਆ ਪ੍ਰਾਪਤ ਕਰ ਲਈ ਹੈ ਨੂੰ ਨਿਯਮ 25 ਦੇ ਅਨੁਸਾਰ ਪ੍ਰਮਾਣ ਪੱਤਰ ਦਿਤਾ ਜਾਵੇਗਾ;
e) ਐਕਟ ਦੇ ਉਪਬੰਧਾ ਅਨੁਸਾਰ ਵਿਸ਼ੇਸ਼ ਜਰੂਰਤਾਂ/ਅਪੰਗ ਵਿਦਿਆਰਥੀਆਂ ਦੀ ਸਹੂਲੀਅਤ;
f) ਅਧਿਆਪਕਾਂ ਲਈ ਇਹ ਜਰੂਰੀ ਹੈ ਕਿ ਉਹ ਧਾਰਾ 23(1) ਅਧੀਨ ਦਿੱਤੀਆਂ ਘੱਟ-ਘੱਟ ਵਿਦਿਅਕ ਯੋਗਤਾਵਾਂ ਪੂਰੀਆਂ ਕਰਦੇ ਹੋਣ। ਪ੍ਰੰਤੂ ਅੱਗੇ ਸ਼ਰਤ ਇਹ ਹੈ ਕਿ ਮੌਜੂਦਾ ਅਧਿਆਪਕ ਜੋ ਇਸ ਐਕਟ ਤੇ ਲਾਗੂ ਹਣ ਸਮੇ ਘੱਟੋ-ਘੱਟ ਵਿਦਿਅਕ ਯੋਗਤਾਵਾਂ ਪੂਰੀਆਂ ਨਹੀ ਕਰਦੇ, ਪੰਜ ਸਾਲ ਦੇ ਅੰਦਰ ਅੰਦਰ ਘੱਟੋ-ਘੱਟ ਵਿਦਿਅਕ ਯੋਗਤਾਵਾ ਪ੍ਰਾਪਤ ਕਰਨਗੇ। ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਸਟੇਟਮੈਂਟ ਨਾਲ ਨੱਥੀ ਕੀਤੀ ਜਾਵੇ।
g) ਅਧਿਆਪਕ ਐਕਟ ਦੀ ਧਾਰਾ 24(1) ਅਧੀਨ ਦਰਸਾਈਆਂ ਜਿੰਮੇਵਾਰੀਆਂ ਪੂਰੀਆਂ ਕਰਦੇ ਹੋਣ:
h) ਅਧਿਆਪਕ ਆਪਣੇ ਆਪ ਨੂੰ ਪ੍ਰਾਈਵੇਟ ਟਿਊਸ਼ਨਾਂ ਵਿਚ ਮਸ਼ਰੂਫ ਨਹੀ ਰੱਖਣਗੇ;

(8) ਸਕੂਲ ਪੜ੍ਹਾਈ ਦੇ ਵਿਸ਼ਿਆਂ ਦੇ ਆਧਾਰ ਤੇ ਉਚਿਤ ਅਥਰਾਟੀ ਦੁਆਰਾ ਨਿਰਧਾਰਤ ਕੀਤੇ ਸਿਲੇਬਸ ਦੀ ਪਾਲਣਾ ਕਰਨਗੇ।

(9) ਸਕੂਲ ਐਕਟ ਦੀ ਧਾਰਾ 19 ਵਿਚ ਨਿਰਧਾਰਤ ਸ਼ਰਤਾਂ ਅਤੇ ਮਿਆਰਾਂ ਦੀ ਪਾਲਣਾ ਕਰੇਗਾ। ਪਿਛਲੀ ਪੜਤਾਲ ਸਮੇਂ ਰਿਪੋਰਟ ਕੀਤੀਆਂ ਸਹੂਲਤਾਂ ਹੇਠ ਦਿੱਤੇ ਅਨੁਸਾਰ ਹਨ:-

(ੳ) ਸਕੂਲ ਕੈਂਪਸ ਦਾ ਖੇਤਰ:
(ਅ) ਕੁਲ ਇਮਾਰਤ ਅਧੀਨ ਖੇਤਰ:
(ੲ) ਖੇਡ ਦੇ ਮੈਦਾਨ ਦਾ ਖੇਤਰ
(ਸ) ਕਲਾਸ ਦੇ ਕਮਰਿਆ ਦੀ ਗਿਣਤੀ:
(ਹ) ਮੁੱਖ ਅਧਿਆਪਕ ਲਈ ਦਫਤਰ-ਕਮ-ਸਟੋਰ ਦਾ ਕਮਰਾ:-
(ਕ) ਮੁੰਡੇ ਅਤੇ ਕੁੜੀਆਂ ਲਈ ਵੱਖਰੀਆਂ ਟੱਟੀਆਂ:-
(ਖ) ਪੀਣ ਦੇ ਪਾਣੀ ਦੀ ਸਹੂਲਤ:-
(ਗ) ਦੁਪਹਿਰ ਦਾ ਖਾਣਾ ਪਕਾਉਣ ਲਈ ਰਸੋਈ:-

...ol Capt Surjit Singh Edu
Welfare Society Sardulgarh
Gurpreet Singh
President
Secretary

Principal
Dasmesh International School
Sardulgarh (Mansa)
Affiliated to C.B.S.E. New Delhi
... No. 1631... School Code 21393

(8) ਬਿਨ੍ਹਾ ਰੁਕਾਵਟ ਪਹੁੰਚ:

(9) ਪੜਾਉਣ, ਸਿਖਣ ਦਾ ਸਮਾਨ/ਖੇਡਾਂ ਦਾ ਸਮਾਨ/ਲਾਇਬਰੇਰੀ

(10) ਸਕੂਲ ਦੇ ਇਸੇ ਨਾਮ ਤੇ ਸਕੂਲ ਦੀ ਇਮਾਰਤ ਅੰਦਰ ਜਾਂ ਇਸ ਦੇ ਬਾਹਰ ਕੋਈ ਵੀ ਗੈਰ ਮਾਨਤਾ ਪ੍ਰਾਪਤ ਜਮਾਤ ਨਹੀ ਚਲਾਈ ਜਾਵੇਗੀ।

(11) ਸਕੂਲ ਦੀ ਇਮਾਰਤ ਜਾਂ ਹੋਰ ਢਾਂਚਾ ਜਾਂ ਮੈਦਾਨ ਕੇਵਲ ਪੜ੍ਹਾਈ ਅਤੇ ਯੋਗਤਾ ਵਿਕਾਸ ਲਈ ਹੀ ਵਰਤੇ ਜਾਣਗੇ।

(12) ਸਕੂਲ ਸੁਸਾਇਟੀ ਰਜਿਸਟਰੇਸ਼ਨ ਐਕਟ, 1860(1860 ਦਾ 21) ਅਧੀਨ ਰਜਿਸਟਰ ਕੀਤੀ ਸੁਸਾਇਟੀ ਦੁਆਰਾ ਜਾਂ ਸਮੇਂ ਸਮੇਂ ਤੇ ਲਾਗੂ ਕਿਸੇ ਕਾਨੂੰਨ ਅਧੀਨ ਸਿਰਜੇ ਗਏ ਟਰੱਸਟ ਦੁਆਰਾ ਚਲਾਇਆ ਜਾ ਰਿਹਾ ਹੈ।

(13) ਸਕੂਲ ਕਿਸੇ ਨਿੱਜੀ, ਸਮੂਹ ਜਾਂ ਵਿਅਕਤੀਆਂ ਦੇ ਸਮੂਹਾਂ ਜਾਂ ਕਿਸੇ ਹੋਰ ਵਿਅਕਤੀ ਦੇ ਲਾਭ ਲਈ ਨਹੀਂ ਚਲਾਇਆ ਜਾ ਰਿਹਾ।

(14) ਲੇਖਾ ਕਿਸੇ ਪ੍ਰਮਾਣਿਤ ਚਾਰਟਿਡ ਲੇਖਾਕਾਰ ਦੁਆਰਾ ਆਡਿਟ ਕੀਤਾ ਜਾਣਾ ਚਾਹੀਦਾ ਹੈ ਅਤੇ ਨਿਯਮਾਂ ਅਨੁਸਾਰ ਲੇਖਿਆ ਦੀ ਸਟੇਟਮੈਂਟ ਤਿਆਰ ਕੀਤੀ ਜਾਵੇਗੀ। ਹਰ ਲੇਖਾ ਸਾਰਣੀ ਦੀ ਇਕ ਕਾਪੀ ਹਰ ਸਾਲ ਜਿਲ੍ਹਾ ਸਿੱਖਿਆ ਅਧਿਕਾਰੀ ਨੂੰ ਭੇਜੀ ਜਾਵੇਗੀ।

(15) ਸਕੂਲ ਜਿਲ੍ਹਾ ਸਿੱਖਿਆ ਅਧਿਕਾਰੀ ਦੁਆਰਾ ਸਮੇਂ-ਸਮੇਂ ਸਿਰ ਮੰਗੀ ਗਈ ਸੂਚਨਾ ਪੇਸ਼ ਕਰੇਗਾ ਅਤੇ ਉਚਿਤ ਅਥਾਰਟੀ ਜਾਂ ਜਿਲ੍ਹਾ ਸਿੱਖਿਆ ਅਧਿਕਾਰੀ ਦੁਆਰਾ ਹਦਾਇਤਾਂ ਜੋ ਮਾਨਤਾ ਪ੍ਰਾਪਤ ਦੀਆਂ ਸ਼ਰਤਾਂ ਪੂਰੀਆਂ ਕਰਨ ਜਾਂ ਸਕੂਲ ਦੇ ਕੰਮ ਕਾਜ ਵਿਚ ਕਮੀਆਂ ਨੂੰ ਦੂਰ ਕਰਨ ਲਈ ਜਾਰੀ ਕੀਤੀਆਂ ਜਾਣਗੀਆਂ ਦੀ ਪਾਲਣਾ ਕਰੇਗਾ।

(16) ਸੰਸਥਾ ਦੀ ਰਜਿਸਟਰੇਸ਼ਨ ਦਾ ਨਵੀਨੀਕਰਨ ਜੇਕਰ ਕੋਈ ਜਰੂਰੀ ਹੋਵੇ, ਕਰਵਾਉਣਾ ਯਕੀਨੀ ਬਣਾਇਆ ਜਾਵੇ।

(17) ਫਾਇਰ ਸੇਫਟੀ ਸਬੰਧੀ ਸਰਟੀਫਿਕੇਟ ਅਤੇ ਬਿਲਡਿੰਗ ਸੇਫਟੀ ਸਰਟੀਫਿਕੇਟ ਮਿਆਦ ਖਤਮ ਹੋਣ ਉਪਰੰਤ ਦੁਬਾਰਾ ਫਿਰ ਸਰਟੀਫਿਕੇਟ ਲੈ ਕੇ ਇਸ ਦਫਤਰ ਨੂੰ ਪੁੱਜਦਾ ਕੀਤਾ ਜਾਵੇ , ਅਜਿਹਾ ਨਾ ਹੋਣ ਦੀ ਸੂਰਤ ਵਿੱਚ ਮਾਨਤਾ ਰੱਦ ਕਰਨ ਦੀ ਪ੍ਰੀਕ੍ਰਿਆ ਆਰੰਭੀ ਜਾਵੇਗੀ ।

(18) ਸਾਫਿਆਨ ਅਤੇ ਬੋਲੀ ਦਾ ਸਰਟੀਫਿਕੇਟ

(19) ਅਧਿਆਪਕਾਂ ਨੂੰ ਦਿੱਤੀ ਜਾਣ ਵਾਲੀ ਤਨਖਾਹ ਦੇ ਏ-ਰੋਲ ਦੀ ਕਾਪੀ ਅਤੇ ਜਮੀਨ ਦੇ ਹਿਬਾਨਾਮਾ ਦੀ ਨਕਲ (ਇੰਤਕਾਲ)

(20) ਸਕੂਲ ਬਿਲਡਿੰਗ ਦਾ ਨਕਸ਼ਾ

(21) ਬੱਚਿਆਂ ਤੋਂ ਪ੍ਰਾਪਤ ਕੀਤੇ ਜਾਂਦੇ ਫੰਡਾਂ ਸਬੰਧੀ ਲਿਸਟਅਤੇ ਸਟਾਫ ਦੀ ਸਰਕਾਰੀ ਦਰਾਂ ਤੇ ਤਨਖਾਹ।

(22) ਪ੍ਰਬੰਧਕੀ ਕਮੇਟੀ ਦੀ ਸੂਚੀ।

(23) ਜੇਕਰ ਭਵਿੱਖ ਵਿਚ ਆਰ.ਟੀ.ਈ. ਐਕਟ ਅਤੇ ਨਿਯਮਾਂ ਦੀ ਉਲੰਘਣਾ ਕੀਤੀ ਗਈ ਤਾਂ ਆਰ.ਟੀ.ਈ. ਐਕਟ ਅਤੇ ਨਿਯਮਾਂ ਅਨੁਸਾਰ ਯੋਗ ਕਾਰਵਾਈ ਕੀਤੀ ਜਾਵੇਗੀ ।

(24) ਨਿਯਮਾਂ ਅਨੁਸਾਰ ਸਕੂਲਾਂ ਦਾ ਬਿਲਡਿੰਗ ਸੇਫਟੀ ਅਤੇ ਫਾਇਰ ਸੇਫਟੀ ਸਰਟੀਫਿਕੇਟ ਇੱਕ ਸਾਲ ਲਈ ਪ੍ਰਮਾਣਿਕ ਹੁੰਦਾ ਹੈ। ਇਸ ਲਈ ਸਕੂਲ ਦੀ ਜਿੰਮੇਵਾਰੀ ਹੈ ਕਿ ਉਹ ਹਰ ਵਿੱਤੀ ਸਾਲ ਦੇ ਖਤਮ ਹੋਣ ਤੇ 20 ਦਿਨਾਂ ਦੇ ਅੰਦਰ ਅੰਦਰ ਜ਼ਿਲ੍ਹਾ ਦਫਤਰ ਵਿਖੇ ਉਕਤ ਦੋਨੋਂ ਸਰਟੀਫਿਕੇਟ ਜਮ੍ਹਾ ਕਰਵਾਉਣ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਕੂਲ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵਗੀ।

(25) ਜੇਕਰ ਸਕੂਲ ਵਲੋਂ ਆਰ.ਟੀ.ਐਕਟ. ਦੇ ਨਿਯਮਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਸਕਲ ਦੀ ਮਾਨਤਾ ਬਿਨਾਂ ਕਿਸੇ ਅਗਾਊਂ ਨੋਟਿਸ ਦੇ ਰੱਦ ਕੀਤੀ ਜਾ ਸਕਦੀ ਹੈ ਅਤੇ ਇਸ ਸਬੰਧੀ ਸਕੂਲ ਦਾ ਕਈ ਵੀ ਦਾਅਵਾ ਸਵੀਕਾਰ ਨਹੀਂ ਕੀਤਾ ਜਾਵੇਗਾ।

(26) ਜੇਕਰ ਸਕੂਲ ਨੂੰ ਆਰ.ਟੀ.ਈ ਐਕਟ ਦੇ ਨਿਯਮਾਂ ਅਨੁਸਾਰ ਜਾਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਿਸੇ ਵੀ ਸਰਕਾਰੀ ਫੀਸ ਜਾਂ ਕੋਈ ਰਿਜਰਵ ਮਨੀ ਜਮ੍ਹਾਂ ਕਰਵਾਉਣ ਲਈ ਕਿਹਾ ਜਾਂਦਾ ਹੈ ਤਾਂ ਸਕੂਲ ਇਸ ਰਾਸ਼ੀ ਨੂੰ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗਾ।

(27) ਸਕੂਲ ਵਲੋਂ ਜੇਕਰ ਸਕੂਲ ਦੀ ਬਿਲਡਿੰਗ ਬਦਲ ਲਈ ਜਾਂਦੀ ਹੈ ਤਾਂ ਮਾਨਤਾ ਦਾ ਇਹ ਪੱਤਰ ਰੱਦ ਸਮਝਿਆ ਜਾਵੇਗਾ ਅਤੇ ਸਕੂਲ ਵੱਲੋਂ ਮਾਨਤਾ ਲੈਣ ਲਈ ਦੁਬਾਰਾ ਇਸ ਦਫਤਰ ਵਿਖੇ ਅਪਲਾਈ ਕੀਤਾ ਜਾਵੇਗਾ।

For Capt. Surjit Singh Edu. Welfare Society Sardulgarh
Gurpreet Singh
President
Secretary

24.7.2024
ਜਿਲ੍ਹਾ ਸਿੱਖਿਆ ਅਫਸਰ(ਐ.ਸਿੱ)
ਮਾਨਸਾ

Principal
Dasmesh International School
Sardulgarh (Mansa)
Affiliated to C.B.S.E. New Delhi
Aff. No. 1631350, School Code 21398